# ਮਿਸਰ ਦੇ ਲੋਕਾਂ ਦਾ ਇਨਕਲਾਬੀ ਘੋਲ

ਹੁਸਨੀ ਮੁਬਾਰਕ ਅਤੇ ਅਮਰੀਕਾ ਨੇ ਪਿਛਲੇ ਤੀਹ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਮਿਸਰ ਵਿਚ ਆਪਣੀ ਨਾਦਰਸ਼ਾਹੀ ਠੋਸੀ ਹੋਈ ਹੈ। ਪਰ ਪਿਛਲੇ ਕੁਝ ਦਿਨਾਂ ਤੋਂ ਮਿਸਰ ਦੇ ਲੋਕ ਆਪਣੇ ਹੱਕ ਲੈਣ ਲਈ ਇਕ ਤੂਫਾਨ ਵਾਂਗ ਉਠ ਪਏ ਹਨ ਅਤੇ ਹੁਸਨੀ ਮੁਬਾਰਕ ਦੇ ਰਾਜ ਅਤੇ ਸਰਕਾਰ ਨੂੰ ਖ਼ਤਮ ਕਰਕੇ ਇਕ ਐਸਾ ਨਵਾਂ ਨਿਜ਼ਾਮ ਕਾਇਮ ਕਰਨਾ ਚਾਹੁੰਦੇ ਹਨ ਜਿਸ ਵਿਚ ਗਰੀਬੀ, ਬੇਰੁਜ਼ਗਾਰੀ ਅਤੇ ਜਬਰ ਤੋਂ ਮੁਕਤੀ ਹੋਵੇ ਤੇ ਉਹ ਆਪਣੇ ਇਕ ਖ਼ੁਸ਼ਹਾਲ ਤੇ ਇਜ਼ਤਦਾਰ ਸਮਾਜ ਸਿਰਜ ਸਕਣ। ਮਿਸਰ ਦੇ ਲੋਕ ਹੁਣ ਉਠ ਪਏ ਹਨ ਤੇ ਇਸ ਸੰਘਰਸ਼ ਵਿਚ ਮਿਸਰ ਦੇ ਨੌਜਵਾਨ ਮੂਹਰਲੀਆਂ ਸਫਾਂ ਵਿਚ ਹਨ। ਮਿਸਰ ਦੀ ਆਬਾਦੀ ਦਾ ਸੱਠ ਫੀ ਸਦੀ ਹਿੱਸਾ ਚੌਵੀ ਸਾਲ ਤੋਂ ਘੱਟ ਉਮਰ ਦੇ ਲੋਕਾਂ ਦਾ ਹੈ। ਇਹ ਨੌਜਵਾਨ ਇਕ ਨਵੇਂ ਭਵਿਖ ਲਈ ਲੜ ਰਹੇ ਹਨ। ਕਾਹਿਰਾ ਅਤੇ ਹੋਰ ਸ਼ਹਿਰਾਂ ਵਿਚ ਜ਼ੁਲਮ ਜਬਰ ਦੇ ਖ਼ਿਲਾਫ਼ ਮਿਸਰ ਦੇ ਲੋਕਾਂ ਦਾ ਇਹ ਸੰਘਰਸ਼ ਇਸ ਵੇਲੇ ਪੂਰੇ ਜੋਬਨ ਤੇ ਹੈ।

ਲੋਕਾਂ ਦੀ ਇਸ ਬਗਾਵਤ ਨੇ ਮਿਸਰ ਦੇ ਹਾਕਮ ਤਬਕੇ, ਅਮਰੀਕਨ ਸਾਮਰਾਜ ਅਤੇ ਇਸਰਾਈਲ ਨੂੰ ਫਿਕਰਾਂ ਵਿਚ ਪਾ ਦਿਤਾ ਹੈ। ਇਸ ਖ਼ਿਤੇ ਵਿਚ ਅਮਰੀਕਾ ਅਤੇ ਇਸਰਾਇਲ ਦੇ ਗਲਬੇ ਨੂੰ ਕਾਇਮ ਰੱਖਣ ਵਿਚ ਪਿਛਲੇ ਤੀਹ ਸਾਲਾਂ ਤੋਂ ਹੁਸਨੀ ਮੁਬਾਰਕ ਦਾ ਇਕ ਬਹੁਤ ਵੱਡਾ ਰੋਲ ਰਿਹਾ ਹੈ ਜਿਸ ਕਰਕੇ ਹੁਣ ਮੁਬਾਰਕ ਦੀ ਡਾਵਾਂ ਡੋਲ ਹਾਲਤ ਕਰਕੇ ਇਸਰਾਇਲ ਤੇ ਅਮਰੀਕਾ ਬੜੇ ਪਰੇਸ਼ਾਨ ਹਨ। ਮਿਸਰ ਵਿਚ ਮੁਬਾਰਕ ਦੇ ਤਾਨਾਸ਼ਾਹੀ ਰਾਜ ਨੂੰ ਕਾਇਮ ਤੇ ਚਲਦਾ ਰੱਖਣ ਲਈ ਅਮਰੀਕਾ ਅਤੇ ਸਾਮਰਾਜ ਦੇ ਅਦਾਰੇ ਜਿਵੇਂ ਕਿ ਆਈ ਐਮ ਐਫ ਅਤੇ ਆਲਮੀ ਬੈਂਕ ਮਿਸਰ ਨੂੰ ਦੁਨੀਆ ਵਿਚ ਇਕ ਨਮੂਨੇ ਦੇ ਤੌਰ ਤੇ ਪੇਸ਼ ਕਰਦੇ ਹੁੰਦੇ ਸੀ ਕਿ ਉਥੇ ਬਹੁਤ ਆਰਥਕ ਤਰੱਕੀ ਹੋ ਰਹੀ ਹੈ, ਹਰ ਸਾਲ ਆਰਥਿਕਤਾ ੬-੭ ਫੀ ਸਦੀ ਦੀ ਦਰ ਤੇ ਵੱਧ ਰਹੀ ਹੈ ਅਤੇ ਮਿਸਰ ਦੀ ਸਰਕਾਰ ਬਹੁਤ ਹੀ ਪੱਕੀ ਅਤੇ ਸਥਾਈ ਹੈ। ਕੁਝ ਅਰਸਾ ਪਹਿਲਾਂ ਮਿਸਰ ਨੂੰ ਆਈ ਐਮ ਐਫ ਅਤੇ ਆਲਮੀ ਬੈਂਕ ਵਲੋਂ ਇਨ੍ਹਾਂ ਦੀਆਂ ਪਾਲਿਸੀਆਂ ਲਾਗੂ ਕਰਨ ਲਈ ਇਕ ਇਨਾਮ ਵੀ ਦਿੱਤਾ ਗਿਆ ਸੀ।

ਪਰ ਮਿਸਰ ਦੇ ਲੋਕਾਂ ਦੀ ਹੱਡਬੀਤੀ ਦੱਸਦੀ ਹੈ ਕਿ ਲੋਕਾਂ ਨੂੰ ਬਹੁਤ ਜ਼ਿਆਦਾ ਦੁਖ ਤਕਲੀਫ ਅਤੇ ਜਬਰ ਦਾ ਮੁਕਾਬਲਾ ਕਰਨਾ ਪੈਂਦਾ ਰਿਹਾ ਹੈ ਤੇ ਹੁਣ ਲੋਕ ਬਗਾਵਤ ਦੇ ਰਾਹ ਤੇ ਤੁਰ ਪਏ ਹਨ। ਮਿਸਰ ਵਿਚ ਸੱਠ ਫੀ ਸਦੀ ਲੋਕ ਗੁਰਬਤ ਦਾ ਸ਼ਿਕਾਰ ਹਨ। ਲੋਕਾਂ ਕੋਲ ਰੁਜ਼ਗਾਰ ਅਤੇ ਰੋਜ਼ੀ ਰੋਟੀ ਦਾ ਕੋਈ ਵਸੀਲਾ ਨਹੀਂ। ਕੁਦਰਤੀ ਵਸੀਲਿਆਂ ਅਤੇ ਲੋਕਾਂ ਦੀ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਕੁਝ ਅਜਾਰੇਦਾਰ ਪਰਿਵਾਰਾਂ ਦੇ ਹੱਥ ਵਿਚ ਹੀ ਚਲੀ ਜਾਂਦੀ ਹੈ। ਸਾਲਾਨਾ ਬਜਟ ਦਾ ਇਕ ਬਹੁਤ ਵੱਡਾ ਹਿੱਸਾ ਸੂਦ ਖੋਰਾਂ ਅਤੇ ਸਾਮਰਾਜੀਆਂ ਦੇ ਹਵਾਲੇ ਕਰ ਦਿਤਾ ਜਾਂਦਾ ਹੈ। ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਕੁਝ ਮੁੱਠੀ ਭਰ ਲੋਕਾਂ ਨੇ ਅਮਰੀਕਾ ਨਾਲ ਰਲ ਕੇ ਮੁਲਕ ਦੀ ਦੌਲਤ ਤੇ ਕਬਜ਼ਾ ਕੀਤਾ ਹੋਇਆ ਹੈ। ਇਕ ਅੰਦਾਜ਼ੇ ਮੁਤਾਬਕ ਇਕੱਲੇ ਹੁਸਨੀ ਮੁਬਾਰਕ ਕੋਲ ਹੀ ਚਾਲੀ ਬਿਲੀਅਨ ਡਾਲਰ ਦੀ ਜਾਇਦਾਦ ਹੈ

ਆਪਣੇ ਮੁਫਾਦ ਲਈ ਲੁੱਟ ਖਸੁੱਟ ਦੇ ਇਸ ਰਾਜ ਨੂੰ ਕਾਇਮ ਰਖਣ ਲਈ ਅਮਰੀਕਾ ਹਰ ਸਾਲ ਤਕਰੀਬਨ ਦੋ ਬਿਲੀਅਨ ਡਾਲਰ ਦੇ ਹਥਿਆਰ ਅਤੇ ਅਸਲਾ ਮਿਸਰ ਨੂੰ ਵੇਚਦਾ ਹੈ। ਪਿਛਲੇ ਤੀਹ ਸਾਲਾਂ ਵਿਚ ਅਮਰੀਕਨ ਅਸਲਾ ਬਣਾਉਣ ਵਾਲੀਆਂ ਕੰਪਨੀਆਂ ਨੇ ਮਿਸਰ ਦੇ ਲੋਕਾਂ ਦੇ ਖ਼ੂਨ ਵਿਚੋਂ ਖਰਬਾਂ ਹੀ ਡਾਲਰ ਕਮਾਏ ਹਨ। ਹੁਣ ਲੋਕਾਂ ਦੀ ਬਗਾਵਤ ਨੇ ਇਨ੍ਹਾਂ ਕੰਪਨੀਆਂ ਨੂੰ ਵੀ ਬਹੁਤ ਫਿਕਰਾਂ ਵਿਚ ਪਾ ਦਿਤਾ ਹੈ।

ਲੋਕਾਂ ਦੀ ਬਗਾਵਤ ਨੂੰ ਕੁਰਾਹੇ ਪਾਉਣ ਲਈ ਅਮਰੀਕਾ ਅਤੇ ਇਸਦੇ ਜੁੰਡੀਦਾਰ ਹੁਣ ਕਈ ਤਰਾਂ ਦੇ ਹਰਬੇ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਦੀ ਸਾਜ਼ਿਸ਼ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਰੋਕਿਆ ਜਾਵੇ ਮਿਸਰ ਦੇ ਲੋਕਾਂ ਦਾ ਘੋਲ ਆਪਣੇ ਟੀਚੇ ਤੇ ਨਾ ਪਹੁੰਚੇ ਅਤੇ ਇਹ ਯਕੀਨੀ ਬਣੇ ਕਿ ਮਿਸਰ ਵਿਚ ਕੋਈ ਬੁਨਿਆਦੀ ਤਬਦੀਲੀ ਨਾ ਆਵੇ। ਉਹ ਪੂਰਾ ਜ਼ੋਰ ਲਾ ਰਹੇ ਹਨ ਕਿ ਭਾਵੇ ਹੁਸਨੀ ਮੁਬਾਰਕ ਦੀ ਥਾਂ ਤੇ ਕੋਈ ਹੋਰ ਵੀ ਤਾਕਤ ਵਿਚ ਆ ਜਾਵੇ ਪਰ ਅਮਰੀਕੀ ਸਾਮਰਾਜ ਦਾ ਅਸਰ ਰਸੂਖ਼ ਪਹਿਲਾਂ ਦੀ ਤਰ੍ਹਾਂ ਹੀ ਕਾਇਮ ਰਹੇ। ਇਸ ਲਈ ਓਬਾਮਾ, ਹਿਲਰੀ ਕਲਿੰਟਨ ਅਤੇ ਟੋਨੀ ਬਲੇਅਰ ਬਾਰ ਬਾਰ ਅਮਨਪੂਰਵਕ ਤਬਦੀਲੀ ਦਾ ਰਾਗ ਅਲਾਪ ਰਹੇ ਹਨ ਤਾਂ ਹਾਲਤ ਇਨ੍ਹਾਂ ਦੇ ਵੱਸੋਂ ਬਾਹਰ ਨਾ ਜਾਵੇ। ਉਹ ਬਾਰ ਬਾਰ ਕਹਿ ਰਹੇ ਹਨ ਕਿ ਮਿਸਰ ਦੇ ਹਾਲਾਤ ਵੀ ਕਿਤੇ ਇਰਾਨ ਵਾਂਗ ਹੀ ਨਾ ਬਿਗੜ ਜਾਣ ਤੇ ਉਥੋਂ ਸਾਮਰਾਜ ਦਾ ਡੇਰਾ ਡੰਡਾ ਹੀ ਚੁੱਕਿਆ ਜਾਵੇ।

ਦੁਨੀਆ ਦੇ ਲੋਕ ਮਿਸਰ ਦੇ ਲੋਕਾਂ ਦੇ ਹੱਕਾਂ ਲਈ ਇਸ ਘੋਲ ਨੂੰ ਬਹੁਤ ਹੀ ਉਤਸ਼ਾਹ ਅਤੇ ਹਮਦਰਦੀ ਨਾਲ ਦੇਖ ਰਹੇ ਹਨ ਅਤੇ ਆਸ ਕਰਦੇ ਹਨ ਕਿ ਉਨ੍ਹਾਂ ਦਾ ਇਹ ਘੋਲ ਕਾਮਯਾਬ ਹੋਵੇਗਾ ਅਤੇ ਸਿਰੇ ਚੜ੍ਹੇਗਾ। ਮਿਸਰ ਦੇ ਲੋਕਾਂ ਦੀ ਜਿੱਤ ਉਨ੍ਹਾਂ ਦੇ ਆਪਣੇ ਘੋਲਾਂ ਦੀ ਬਹੁਤ ਹੀ ਮਦਦ ਕਰੇਗੀ। ਮਿਸਰ ਦੇ ਲੋਕਾਂ ਦੇ ਇਨਕਲਾਬ ਦੀ ਕਾਮਯਾਬੀ ਨਾਲ ਦੁਨੀਆ ਦੇ ਇਕ ਵੱਡੇ ਅਤੇ ਅਹਿਮ ਖ਼ਿੱਤੇ ਵਿਚ ਸਾਮਰਾਜ ਦਾ ਡੇਰਾ ਪੁਟਣ ਵਿਚ ਮੱਦਦ ਮਿਲੇਗੀ ਜਿਸ ਨਾਲ ਸਾਰੇ ਸੰਸਾਰ ਦੇ ਲੋਕਾਂ ਦਾ ਫਾਇਦਾ ਹੋਵੇਗਾ।